ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਅਪ੍ਰੈਲ-ਜੂਨ 2021



ਮੁੱਲ : 75 ਰੁਪਏ

RNI : JKPUN/2002/6333 UGC Approved ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

# ਆਬਰੂ

**ਸੰਪਾਦਕ**
ਬਲਜੀਤ ਸਿੰਘ ਰੈਨਾ
ਮੋਬਾ : 97976-57211
**ਸੰਪਾਦਕ ਮੰਡਲ**
ਡਾ. ਮਨੋਜੀਤ
ਮੋਬਾ : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 95966-52796
ਜੰਗ ਐਸ. ਵਰਮਨ
ਮੋਬਾ : 94192-10834
**ਸਹਾਇਕ ਸੰਪਾਦਕ**
ਸੁਰਿੰਦਰ ਨੀਰ*
ਮੋਬਾ : 96220-06304
ਰਾਜਵੀਰ ਸਿੰਘ
ਮੋਬਾ : 84920-05225
ਗੁਰਪ੍ਰੀਤ ਕੌਰ
ਮੋਬਾ : 99060-03940
**ਕਨੇਡਾ ਪ੍ਰਤੀਨਿਧ**
ਡਾ. ਅਰਵਿੰਦਰ ਕੌਰ
ਮੋਬਾ : +1 416-450-0554

**ਈਮੇਲ** : baljeetraina58@gmail.com
**ਮੁੱਲ** : ਇਕ ਕਾਪੀ 75 ਰੁਪਏ
ਡਾਕ ਦੁਆਰਾ 100 ਰੁਪਏ

| | | |
|---|---|---|
| ਦੇਸ਼ ਸਲਾਨਾ | : | 300 ਰੁਪਏ |
| ਡਾਕ ਦੁਆਰਾ | : | 400 ਰੁਪਏ |
| ਜੀਵਨਸਾਥ | : | 5000 ਰੁਪਏ |
| ਵਿਦੇਸ਼ ਸਲਾਨਾ | : | 30 ਡਾਲਰ, 15 ਪੌਂਡ |
| ਜੀਵਨ ਸਾਥ | : | 500 ਡਾਲਰ, 250 ਪੌਂਡ |

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

* ਆਨਰੇਰੀ

ਸਾਲ : 20 ਅੰਕ : 4 - 6
ਅਪ੍ਰੈਲ-ਜੂਨ 2021

## ਤਰਤੀਬ

ਸੰਪਾਦਕੀ : ਇੱਕ ਵੱਡੇ ਇਤਿਹਾਸ ਦੇ ਗਵਾਹ/*ਬਲਜੀਤ ਸਿੰਘ ਰੈਨਾ*/2
ਡਾਇਰੀ : ਮੈਂ ਤੇ ਕਿਤਾਬਾਂ-7/*ਡਾ. ਮਨੋਜੀਤ*/3
ਕਹਾਣੀਆਂ : ਇਲਾਜ/*ਅਸ਼ੋਕ ਵਾਸਿਸ਼ਠ*/5
: ਨੇਕ ਰੂਹ/*ਸਰਨਜੀਤ ਕੌਰ ਅਨਹਦ*/11
ਸ਼ਖ਼ਸੀਅਤ : ਡਾ. ਐਸ.ਐਸ. ਭੱਟੀ : ਇੱਕ ਬਹੁਪੱਖੀ ਪ੍ਰਤਿਭਾ ਅਤੇ ਖੋਜਕਰਤਾ/*ਜੰਗ ਐਸ. ਵਰਮਨ*/15
ਗ਼ਜ਼ਲਾਂ : ਤਿੰਨ ਗ਼ਜ਼ਲਾਂ/*ਬਲਵਿੰਦਰ 'ਬਾਲਮ'*/19
ਕਵਿਤਾਵਾਂ : ਚਾਰ ਕਵਿਤਾਵਾਂ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ*/20
ਮੁਲਾਕਾਤ : ਪੜ੍ਹਨਾ ਲਿਖਣ ਤੋਂ ਵੀ ਜ਼ਰੂਰੀ ਹੈ ਲੇਖਕ ਲਈ-ਸਵਰਨਜੀਤ ਸਵੀ/*ਮੁਲਾਕਾਤੀ : ਗੁਰਪ੍ਰੀਤ ਸਿੰਘ*/21
ਖੋਜ ਪੱਤਰ : ਪਰਵਾਸੀ ਮਸਲਿਆਂ ਪ੍ਰਤੀ ਸੰਵਾਦ ਰਚਾਉਣ ਵਾਲੀ ਟੈਕਸਟ ਸਿਰਜਦਾ ਨਾਵਲ : ਜ਼ਰਖ਼ੇਜ਼/*ਡਾ. ਜਸਵਿੰਦਰ ਕੌਰ ਬਿੰਦਰਾ*/28
: ਬਿਕਰਮਜੀਤ ਸਿੰਘ ਦੀ ਨਾਟ ਚੇਤਨਾ (ਕੁਦਰਤ ਕੇ ਸਭ ਬੰਦੇ ਅਤੇ ਮੈਂ ਹਿੰਦੋਸਤਾਨ ਹਾਂ ਦੇ ਵਿਸ਼ੇਸ਼ ਸੰਦਰਭ 'ਚ)/*ਡਾ. ਪ੍ਰੀਤਮ ਸਿੰਘ*/32
: ਪੰਜਾਬੀ ਨਾਰੀ-ਕੇਂਦਰਿਤ ਫ਼ਿਲਮਾਂ ਵਿੱਚ ਨਾਇਕਾ ਦੀ ਪੇਸ਼ਕਾਰੀ.../*ਗੌਰਵ*/37
: ਆਦਰਸ਼ਵਾਦ, ਸੁਧਾਰਵਾਦ ਅਤੇ ਪ੍ਰਗਤੀਮੁਖੀ ਮੁਹਾਂਦਰੇ ਦੀ ਮਿੱਸ ਵਾਲਾ ਰਿਹਾ— ਸਾਲ 2020 ਦਾ ਨਾਵਲ/*ਜੇ.ਬੀ. ਸੇਖੋਂ*/42
: ਔਰਤ ਦੀ ਹੋਂਦ ਅਤੇ ਹੋਣੀ ਦਾ ਚੱਕਰਵਿਊ.../*ਰਮਨਪ੍ਰੀਤ ਕੌਰ 'ਚੌਹਾਨ'*/46
: ਪਰਵਾਸੀ ਪੰਜਾਬੀ ਕਵਿਤਾ ਵਿੱਚਲਾ ਪਿੱਤਰਕੀ ਪਰਵਚਨ/*ਡਾ. ਰੁਪਿੰਦਰ ਕੌਰ*/50
: ਗੁਰੂ ਨਾਨਕ ਬਾਣੀ : ਰਾਜਨੀਤਿਕ ਪਰਿਪੇਖ/*ਡਾ. ਦਲਜੀਤ ਸਿੰਘ*/54
: ਬਾਣੀ ਮਹਲਾ ੯ ਦਾ ਉਰਦੂ/ਫ਼ਾਰਸੀ ਲਿਪੀਅੰਤਰਣ : ਸਮਸਿਆਵਾਂ ਅਤੇ ਸਮਾਧਾਨ/*ਅਮਰੀਕ ਸਿੰਘ*/59
: ਸੰਤ ਸਿੰਘ ਸੇਖੋਂ ਦੀ ਕਥਾ ਦ੍ਰਿਸ਼ਟੀ/*ਮਮਤਾ ਰਾਣੀ*/64
: ਸੰਵਾਦ : ਪੁਨਰ-ਸੰਵਾਦ : ਇਕ ਅਧਿਐਨ/*ਪ੍ਰੋ. ਸਹਿਜ ਦੀਪ*/66
: ਪੱਛਮੀ ਕਾਵਿ-ਸ਼ਾਸਤਰ ਅਤੇ ਕਾਵਿ ਦਾ ਅਨੁਕਰਨ ਸਿਧਾਂਤ : ਅੰਤਰ-ਸੰਵਾਦ/*ਮਨਦੀਪ ਸਿੰਘ*/72
: ਦੂਜੀਆਂ ਭਾਸ਼ਾਵਾਂ ਅਧੀਨ ਜਿਓ ਰਿਹਾ ਮਨੁੱਖ?—ਇਕ ਸਵਾਲ/*ਡਾ. ਸੋਨਾ*/74
: ਪਗਡੰਡੀਆਂ : ਔਰਤ ਦੇ ਸੰਘਰਸ਼ਮਈ ਜੀਵਨ ਦੀ ਗਾਥਾ/*ਡਾ. ਤਰਨਜੀਤ ਕੌਰ*/77
: ਅਨੁਵਾਦਿਤ ਸਾਹਿਤ ਚਿੰਤਨ ਦਾ ਅਰਥ, ਪਰਿਭਾਸ਼ਾ ਅਤੇ ਸਰੂਪ/*ਪੀਟਰ ਸਹੋਤਾ*/81
: ਬਲਦੇਵ ਸਿੰਘ ਦੇ ਨਾਵਲ : ਸਮਾਜ ਸ਼ਾਸਤਰੀ ਅਧਿਐਨ/*ਸੀਮਾ ਕੁਮਾਰੀ*/83
: ਭੁਪਿੰਦਰ ਸਿੰਘ ਸੱਗੂ ਦੀ ਕਵਿਤਾ : ਪਾਠ-ਮੂਲਕ ਅਤੇ ਵਿਚਾਰਧਾਰਕ ਪਰਿਪੇਖ ("ਦਰਦ ਜਾਗਦਾ ਹੈ" ਪੁਸਤਕ ਦੇ ਸੰਦਰਭ 'ਚ)/*ਮੋਨਿਕਾ*/86
: ਸਿੱਖ ਚਿੰਤਨ ਦ੍ਰਿਸ਼ਟੀ (ਰਣਜੀਤ ਸਿੰਘ ਖੜਗ ਦੇ ਵਿਸ਼ੇਸ਼ ਸੰਦਰਭ ਵਿਚ)/*ਸੰਦੀਪ ਕੁਮਾਰ*/88
: ਚੰਡੀ ਦੀ ਵਾਰ ਦਾ ਕਾਵਿ-ਸ਼ਾਸਤਰ/*ਜਸਦੀਪ ਕੌਰ*/89
: ਗੁਰੂ ਨਾਨਕ ਜੀਵਨ : ਮੁੱਲ ਅਤੇ ਦਰਸ਼ਨ/*ਅਮਰਜੀਤ ਕੌਰ*/91
: ਸੁਖਵਿੰਦਰ ਅੰਮ੍ਰਿਤ : ਨਾਰੀਵਾਦੀ ਪਰਿਪੇਖ/*ਮੰਜੂ ਬਾਲਾ*/93
: ਲੋਕ/ਗੀਤਾਂ ਦੀ ਚੰਗੇਰ : ਸਾਡਾ ਵਿਰਸਾ ਸਾਡੇ ਗੀਤ/*ਡਾ. ਮਮਤਾ*/95
ਸਮੀਖਿਆ : ਹਰਮੋਹਿੰਦਰ ਸਿੰਘ ਹਰਜੀ ਦਾ ਨਿਬੰਧ ਸੰਗ੍ਰਹਿ ਘੁੰਡ 'ਚੋਂ ਬੋਲਦੇ ਅੱਖਰ/*ਗੁਰਪ੍ਰੀਤ ਕੌਰ*/99

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina**

ਖੋਜ ਪੱਤਰ



# ਬਿਕਰਮਜੀਤ ਸਿੰਘ ਦੀ ਨਾਟ ਚੇਤਨਾ

## (ਕੁਦਰਤ ਕੇ ਸਭ ਬੰਦੇ ਅਤੇ ਮੈਂ ਹਿੰਦੋਸਤਾਨ ਹਾਂ ਦੇ ਵਿਸ਼ੇਸ਼ ਸੰਦਰਭ 'ਚ)

— ਡਾ. ਪ੍ਰੀਤਮ ਸਿੰਘ —

1

ਭਾਰਤ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਹਾਸਲ ਹੈ। ਲੋਕਤੰਤਰ ਦੀ ਸਥਾਪਨਾ ਤੋਂ ਪਹਿਲਾਂ ਸਾਡੇ ਦੇਸ਼ ਵਿਚ ਅੰਗਰੇਜ਼ਾਂ ਦਾ ਸ਼ਾਸਨ ਲਗਭਗ 200 ਸਾਲ ਰਿਹਾ ਅਤੇ ਇਸ ਤੋਂ ਪਹਿਲਾਂ ਸਦੀਆਂ ਬੱਧੀ ਇਥੇ ਹਿੰਦੂ ਰਾਜਿਆਂ ਨੇ ਅਤੇ ਬਾਅਦ 'ਚ ਮੁਗਲ ਬਾਦਸ਼ਾਹਾਂ ਨੇ ਰਜਵਾੜਾਸਾਹੀ ਪਰੰਪਰਾ ਨੂੰ ਕਾਇਮ ਰੱਖਿਆ। ਇਨ੍ਹਾਂ ਦੋਹਾਂ ਸ਼ਾਸਨ ਪ੍ਰਣਾਲੀਆਂ ਦੇ ਗੁਣ-ਦੋਸ਼/ ਪਰਿਣਾਮ ਸਾਡੇ ਰਾਜਸੀ ਆਗੂਆਂ ਦੇ ਸਾਹਮਣੇ ਸਨ। ਦਰਅਸਲ ਅੰਗਰੇਜ਼ਾਂ ਨਾਲ ਸਾਡੀ ਲੜਾਈ ਹੀ ਲੋਕਤੰਤਰ ਦੀ ਸਥਾਪਨਾ ਲਈ ਸੀ। ਇਸ ਲਈ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਉਸ ਸਮੇਂ ਦੇ ਸਾਡੇ ਪ੍ਰਮੁੱਖ ਨੇਤਾਵਾਂ ਨੇ ਬਿਨਾਂ ਕਿਸੇ ਵਾਦ-ਵਿਵਾਦ ਦੇ ਭਾਰਤ ਨੂੰ ਲੋਕਤਾਂਤਰਿਕ ਅਤੇ ਧਰਮ ਨਿਰਪੱਖ ਗਣਰਾਜ ਬਣਾਉਣ ਦਾ ਨਿਰਣਾ ਲਿਆ ਤਾਂ ਜੋ ਆਜ਼ਾਦੀ ਦਾ ਸੁਖ, ਆਜ਼ਾਦੀ ਦਾ ਫਲ ਸਾਰੇ ਭਾਰਤਵਾਸੀ ਮਾਣ ਸਕਣ ਕਿਉਂਕਿ ਅੰਗਰੇਜ਼ੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਦੇਸ਼ਵਾਸੀਆਂ ਨੇ ਕਈ ਜ਼ੁਲਮਾਂ ਨੂੰ ਆਪਣੇ ਪਿੰਡਿਆਂ 'ਤੇ ਸਹਾਰਦਿਆਂ ਅਣਗਿਣਤ ਕੁਰਬਾਨੀਆਂ ਦਿੱਤੀਆਂ ਸਨ।

ਭਾਰਤ ਵਿਚ ਲੋਕਤੰਤਰ ਦੀ ਕਾਇਮੀ ਨੂੰ ਲਗਭਗ 70 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ ਅਤੇ ਇਸ ਸ਼ਾਸਨ ਪ੍ਰਣਾਲੀ ਦੀ ਸਭ ਤੋਂ ਵੱਡੀ ਕਾਮਯਾਬੀ ਇਹ ਰਹੀ ਹੈ ਕਿ ਇਨ੍ਹਾਂ ਸਾਲਾਂ ਵਿਚ ਭਾਰਤ ਨੇ ਭਿੰਨ-ਭਿੰਨ ਖੇਤਰਾਂ ਵਿਚ ਅਨੇਕ ਬੁਲੰਦੀਆਂ ਹਾਸਲ ਕੀਤੀਆਂ ਹਨ। ਦੇਸ਼ ਦੀ ਆਜ਼ਾਦੀ ਉਪਰੰਤ ਅਸੀਂ ਆਰਥਿਕ, ਵਿੱਦਿਅਕ, ਸਮਾਜਿਕ, ਅਤੇ ਸਾਇੰਸ ਤੇ ਤਕਨਾਲੋਜੀ ਦੇ ਖੇਤਰ ਵਿਚ ਜੋ ਤਰੱਕੀ ਕੀਤੀ ਹੈ, ਉਸ ਦਾ ਸਿਹਰਾ ਸਾਡੀ ਲੋਕਤੰਤਰਿਕ ਸ਼ਾਸਨ-ਪ੍ਰਣਾਲੀ ਦੇ ਸਿਰ ਬੱਝਦਾ ਹੈ। ਇਨ੍ਹਾਂ ਸਾਲਾਂ ਵਿਚ ਹੋਈ ਬਹੁਪੱਖੀ ਪ੍ਰਗਤੀ ਕਾਰਨ ਭਾਰਤ ਵਿਕਸਿਤ ਦੇਸ਼ਾਂ ਵਿਚ ਸ਼ਾਮਿਲ ਹੋਣ ਦੀ ਰਾਹ 'ਤੇ ਹੈ ਤੇ ਪਹਿਲੀ ਨਜ਼ਰੇ ਇਹ ਗੱਲ ਬਹੁਤ ਸੰਤੋਖਜਨਕ ਵੀ ਹੈ ਪਰ ਬਾਵਜੂਦ ਅਨੇਕ ਪ੍ਰਾਪਤੀਆਂ ਦੇ ਅੱਜ ਇਹ ਗੱਲ ਬੜੀ ਸ਼ਿਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ ਕਿ ਪਿਛਲੇ ਕੁਝ ਦਸ਼ਕਾਂ ਵਿਚ ਕੁੱਝ ਲੋਕਾਂ ਨੇ ਦੇਸ਼ ਵਿਚ ਸੰਪਰਦਾਇਕਤਾ, ਜਾਤੀਵਾਦ, ਧਾਰਮਿਕ ਕੱਟੜਵਾਦ ਅਤੇ ਰਾਜਨੀਤਿਕ ਅਪਰਾਧੀਕਰਣ ਨੂੰ ਪ੍ਰਫੁਲਿਤ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ ਜਿਸ ਕਰਕੇ ਦੇਸ਼ ਦੀ ਧਰਮ ਨਿਰਪੱਖ ਲੋਕਤਾਂਤਰਿਕ ਵਿਵਸਥਾ ਨੂੰ ਖੋਰਾ ਜ਼ਰੂਰ ਲਗਾ ਹੈ। ਇਸ ਸਥਿਤੀ ਦੇ ਨਤੀਜੇ ਵਜੋਂ ਅੱਜ ਦੇਸ਼ਵਾਸੀਆਂ 'ਚ ਅਜਿਹੇ ਰਾਸਟਰੀ ਚਰਿੱਤਰ ਦੀ ਘਾਟ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ ਜਿਸਦਾ ਆਧਾਰ ਸੰਕੀਰਣ ਫ਼ਿਰਕਾਪ੍ਰਸਤੀ ਦੀ ਥਾਂ ਵਿਸ਼ਵੀ ਮਾਨਵਵਾਦ ਹੋਵੇ। ਸਮਕਾਲੀ ਭਾਰਤੀ ਰਾਜਨੀਤੀ ਅਤੇ ਸਮਾਜ ਵਿਚ ਧਰਮ, ਜਾਤ-ਪਾਤ ਅਤੇ ਅਰਾਜਕ ਤੱਤਾਂ ਦਾ ਦਖਲ ਦਿਨ-ਬ-ਦਿਨ ਵੱਧ ਰਿਹਾ ਹੈ ਜੋ ਸਮਕਾਲੀ ਭਾਰਤੀ ਲੋਕਤਾਂਤਰਿਕ ਵਿਵਸਥਾ ਲਈ ਬਹੁਤ ਵੱਡੀ ਚੁਣੌਤੀ ਹੈ। ਅਜੋਕੇ ਦੌਰ ਵਿਚ ਅਰਾਜਕ ਰਾਜਨੀਤੀ ਅਤੇ ਸੰਪ੍ਰਦਾਇਕ ਸਮਾਜਿਕ ਢਾਂਚੇ ਦੇ ਪੁਨਰ ਉੱਥਾਨ ਨਾਲ ਪੈਦਾ ਹੋਣ ਵਾਲੇ ਵਿਗਾੜਾਂ ਕਰਕੇ ਦੇਸ਼ ਦੇ ਸਮਾਜਿਕ, ਧਾਰਮਿਕ, ਵਿੱਦਿਅਕ, ਭਾਸ਼ਾਈ ਤੇ ਸਭਿਆਚਾਰਕ ਤਾਣੇ-ਬਾਣੇ ਨੂੰ ਹੀ ਤਹਿਸ-ਨਹਿਸ ਕੀਤੇ ਜਾਣ ਦਾ ਜੋ ਅਮਲ ਸ਼ੁਰੂ ਹੋਇਆ ਹੈ ਉਸ 'ਤੇ ਚੇਤੰਨ ਬੁੱਧੀਜੀਵੀ ਵਰਗ ਵੱਲੋਂ ਪ੍ਰਤੀਕਿਰਿਆ ਅਤੇ ਨਾਬਰੀ ਦੇ ਭਾਵ ਜ਼ਾਹਰ ਕਰਨੇ ਸੁਭਾਵਿਕ ਹਨ। ਇਸ ਪੱਖੋਂ ਪੰਜਾਬੀ ਨਾਟਕਕਾਰਾਂ ਨੇ ਅਗ੍ਰਿਮ ਅਤੇ ਅਹਿਮ ਭੂਮਿਕਾ ਨਿਭਾਈ ਹੈ ਅਤੇ ਇਨ੍ਹਾਂ ਵਿਚੋਂ ਰਿਆਸਤ ਜੰਮੂ ਕਸ਼ਮੀਰ ਦਾ ਪੰਜਾਬੀ ਨਾਟਕਕਾਰ ਬਿਕਰਮਜੀਤ ਸਿੰਘ ਇਕ ਪ੍ਰਮੁੱਖ ਹਸਤਾਖਰ ਹੈ ਜੋ ਆਪਣੇ ਨਾਟਕਾਂ 'ਕੁਦਰਤ ਕੇ ਸੱਭ ਬੰਦੇ' ਅਤੇ 'ਮੈਂ ਹਿੰਦੋਸਤਾਨ ਹਾਂ' ਰਾਹੀਂ ਦੇਸ਼ ਅਤੇ ਸਮਾਜ ਲਈ ਚੁਣੌਤੀਆਂ ਬਣੀਆਂ ਸੰਪ੍ਰਦਾਇਕ ਤਾਕਤਾਂ ਅਤੇ ਅਰਾਜਕ ਰਾਜਨੀਤਿਕਾਂ ਵਿਰੁੱਧ ਨਾਬਰੀ ਅਤੇ ਪ੍ਰਤੀ-ਉੱਤਰ ਅਖਤਿਆਰ ਕਰਨ ਦਾ ਸਾਰਥਕ ਯਤਨ ਕਰਦਾ ਹੈ। ਜਿੱਥੇ ਸੰਪ੍ਰਦਾਇਕਤਾ ਵਿਰੁਧ ਉਸਦੀ ਨਾਬਰੀ, ਭਗਤੀ ਲਹਿਰ ਦੀ ਮਾਨਵਵਾਦੀ ਸਦਾਚਾਰਕ ਉਤਮਤਾ ਵਿਚੋਂ ਅਰਥ ਗ੍ਰਹਿਣ ਕਰਦੀ ਹੈ ਉਥੇ ਅਪ੍ਰਾਧੀਕ੍ਰਿਤ ਰਾਜਨੀਤੀ ਵਿਰੁੱਧ ਉਹ ਸਮਕਾਲੀ ਰਾਜਨੀਤਿਕ ਚੇਤਨਾ ਨੂੰ ਆਪਣੇ ਪ੍ਰਤੀਕਰਮ ਦਾ ਆਧਾਰ ਬਣਾਉਂਦਾ ਹੈ। ਇਸੇ ਕਰਕੇ ਨਾਟਕ 'ਕੁਦਰਤ ਕੇ ਸਭ ਬੰਦੇ' ਦਾ ਸਮੁਚਾ ਰਚਨਾਤਮਕ ਪੈਰਾਡਾਇਮ ਅਧਿਆਤਮਕ ਪ੍ਰਵਚਣ ਦਾ ਰੂਪ ਅਖਿਤਿਆਰ ਕਰ ਲੈਂਦਾ ਹੈ ਜਦਕਿ 'ਮੈਂ ਹਿੰਦੋਸਤਾਨ ਹਾਂ' ਵਿਚ ਉਹ ਆਪਣੇ ਨਾਬਰੀ ਦੇ ਭਾਵਾਂ ਨੂੰ ਤਿਖੇ ਵਿਅੰਗ ਰਾਹੀਂ ਬਿਆਨ ਕਰਦਾ ਹੈ।

2

ਭਾਰਤ ਵਿਚ ਸੰਪ੍ਰਦਾਇਕਤਾ ਦੀ ਸਮੱਸਿਆ ਕੋਈ ਨਵੀਂ ਨਹੀ ਹੈ ਬਲਕਿ ਇਸਦਾ ਆਪਣਾ ਇਕ ਦੀਰਘ ਇਤਿਹਾਸ ਹੈ ਅਤੇ ਭਾਰਤੀ ਸਮਾਜ 'ਤੇ ਇਸਦਾ ਵਿਆਪਕ ਪ੍ਰਭਾਵ ਰਿਹਾ ਹੈ। ਬਿਕਰਮਜੀਤ ਸਿੰਘ ਦੇ ਪਹਿਲੇ ਨਾਟਕ ਦਾ ਸਿਰਲੇਖ 'ਕੁਦਰਤ ਕੇ ਸਭ ਬੰਦੇ' ਇਸ ਤੱਥ ਦੀ ਗਵਾਹੀ ਭਰਦਾ ਹੈ। ਭਗਤ ਕਬੀਰ ਜੀ ਦੇ ਜਿਸ ਸ਼ਬਦ ਨੂੰ ਉਹ ਆਪਣੀ ਰਚਨਾ ਸਮਗ੍ਰੀ ਦੇ ਆਧਾਰ ਵਜੋਂ ਚੁਣਦਾ ਹੈ ਉਸ ਤੋਂ ਹੀ ਇਹ ਜ਼ਾਹਿਰ ਹੁੰਦਾ ਹੈ ਕਿ ਅੱਜ ਵਾਂਗ ਉਸ ਵੇਲੇ ਵੀ ਅਖੌਤੀ ਧਾਰਮਿਕ ਆਗੂਆਂ ਦਾ ਬੋਲਬਾਲਾ ਸੀ। ਇਨ੍ਹਾਂ ਧਾਰਮਿਕ ਆਗੂਆਂ ਨੇ ਮਨੁੱਖਤਾ ਦੀ ਬੇੜੀ 'ਚ ਵੱਟੇ ਪਾਉਣ ਚ ਕੋਈ ਕਸਰ ਨਹੀਂ ਛੱਡੀ। ਇਹ ਸਥਿਤੀ ਥੋੜੇ ਬਹੁਤੇ ਫਰਕ ਨਾਲ ਅੱਜ ਵੀ ਬਰਕਰਾਰ ਹੈ। ਇਸ ਸਥਿਤੀ ਦੀ ਪੇਸ਼ਕਾਰੀ ਹੀ 'ਕੁਦਰਤ ਕੇ ਸਭ ਬੰਦੇ' ਨਾਟਕ ਦੀ ਪ੍ਰਮੱਖ ਸੁਰ ਬਣਦੀ ਹੈ।

ਇਸ ਨਾਟਕ ਦਾ ਆਰੰਭ ਹੌਲੀ ਹੌਲੀ ਫੇਡ ਆਊਟ ਹੁੰਦੇ ਭਗਤ ਕਬੀਰ ਦਾਸ ਜੀ ਦੇ ਸ਼ਲੋਕ, ਕੋਈ ਬੋਲੇ ਰਾਮ ਰਾਮ ਕੋਈ ਖੁਦਾਇ। ਕਈ ਸੇਵਹਿ ਗੋਸਈਆਂ ਕੋਈ ਅਲਾਹਿ॥ ਦੀ ਅਨਾਦੀ ਧੁਨੀ ਉਪਰੰਤ ਮਾਈ ਭਾਗੋ ਦੇ ਠੰਡੇ ਖੂਹ ਉਤੇ ਕਾਲੀ ਸ਼ੰਕਰ ਦੇ

ਮਚਾਏ ਸ਼ੋਰ ਸ਼ਰਾਬੇ ਨਾਲ ਹੁੰਦਾ ਹੈ। ਬੇਸ਼ਕ ਇਹ ਇਕ ਨਾਟਕੀ ਮੌਕਾ ਮੇਲ ਜਾਂ ਰੰਗਮੰਚੀ ਯੁਗਤ ਕਰਕੇ ਹੈ ਪਰ ਇਸ ਸ਼ਲੋਕ ਦੀ ਧੁਨੀ ਦਾ ਫੇਡ ਆਊਟ ਹੋਣਾ ਅਤੇ ਕਾਲੀ ਸ਼ੰਕਰ ਦਾ ਸ਼ੋਰ ਮਚਾਉਣਾ ਪ੍ਰੋਖ ਰੂਪ ਵਿਚ ਸਹਿਜੇ ਹੀ ਇਕ ਵੱਡੇ ਮਸਲੇ ਵੱਲ ਸੰਕੇਤ ਕਰ ਜਾਂਦਾ ਹੈ ਕਿ ਸਾਡੇ ਸਮਾਜ ਵਿਚੋਂ ਧਰਮ ਨਿਰਪੱਖਤਾ, ਧਾਰਮਿਕ ਸੁਹਾਰਦ, ਧਾਰਮਿਕ ਸਹਿਣਸ਼ੀਲਤਾ ਅਤੇ ਮਾਨਵਤਾ ਦੀ ਧੁਨੀ ਹੌਲੀ ਹੌਲੀ ਫੇਡ ਆਊਟ ਹੁੰਦੀ ਜਾ ਰਹੀ ਹੈ ਅਤੇ ਉਸ ਦੀ ਥਾਂ ਧਾਰਮਿਕ ਕਟੜਤਾ ਅਤੇ ਫਿਰਕਾਪ੍ਰਸਤੀ ਦੀ ਬੇਸੁਰੀ ਪ੍ਰਤੀਧੁਨੀ ਉਚੀ ਹੁੰਦੀ ਜਾ ਰਹੀ ਹੈ। ਵੱਖ ਵੱਖ ਨਾਟਕੀ ਦ੍ਰਿਸ਼ਾਂ ਵਿਚਲੀਆਂ ਘਟਨਾਵਾਂ ਵਿਚ ਨਾਟਕਕਾਰ ਨੇ ਬੜੀ ਹੀ ਸੁਹਿਰਦਤਾ ਨਾਲ ਸੰਪ੍ਰਦਾਇਕਤਾ ਦੇ ਨਾ ਕੇਵਲ ਪ੍ਰਤੱਖ ਅਤੇ ਭਾਵਾਤਮਕ ਪੱਖ ਨੂੰ ਪਾਠਕਾਂ ਜਾਂ ਦਰਸ਼ਕਾਂ ਦੇ ਰੂਬਰੂ ਕੀਤਾ ਹੈ ਬਲਕਿ ਨਾਟਕ ਦੇ ਪਾਤਰ ਕਾਲੀ ਸ਼ੰਕਰ, ਸ਼ੰਕਰ ਦਾਦਾ, ਬਸ਼ੀਰ ਖਾਨ, ਗੁਲਾਮਾ, ਨਿਹਾਲ ਸਿੰਘ ਅਤੇ ਯਕਾ ਆਦਿ ਦੀ ਸੋਚ ਅਤੇ ਕਰਮਾਂ ਰਾਹੀਂ ਇਸਦੇ ਪ੍ਰੋਖ ਰੂਪ ਵਿਚ ਕੰਮ ਕਰਦੀ ਰਾਜਨੀਤਿਕ ਅਤੇ ਸਰਮਾਏਦਾਰੀ ਮਾਨਸਿਕਤਾ ਨੂੰ ਵੀ ਚੇਤਨਾ ਦੀ ਪੱਧਰ 'ਤੇ ਨਸ਼ਰ ਕੀਤਾ ਹੈ। ਬਿਕਰਮਜੀਤ ਸਿੰਘ ਦੇ ਇਸ ਨਾਟਕ ਨੂੰ ਪੜ੍ਹਨ ਉਪਰੰਤ ਇਸ ਵਿਚਲੀਆਂ ਵਿਭਿੰਨ ਘਟਨਾਵਾਂ ਰਾਹੀਂ ਸੰਪ੍ਰਦਾਇਕਤਾ/ਫਿਰਕਾਪ੍ਰਸਤੀ ਦੇ ਕੁੱਝ ਗੰਭੀਰ ਕਾਰਨ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਇਸ ਨਾਟਕ ਦੀ ਪ੍ਰਾਪਤੀ ਮੰਨੇ ਜਾ ਸਕਦੇ ਹਨ।

ਇਹਨਾਂ ਵਿੱਚੋਂ ਪਹਿਲਾ ਹੈ ਭਾਰਤ ਵਿੱਚ ਫੈਲੀ ਗੈਰ-ਤਾਰਕਿਕਤਾ ਤੇ ਅੰਧਵਿਸ਼ਵਾਸ਼ੀ ਮਾਨਸਿਕਤਾ। ਇਥੇ ਤਰਕ ਦੀ ਥਾਂ ਅੱਖਾਂ ਮੀਚ ਕੇ ਭਰੋਸਾ ਕਰਨਾ ਸਿਖਾਇਆ ਜਾਂਦਾ ਹੈ। ਇਸ ਕਰਕੇ ਫਿਰਕੂ ਤਾਕਤਾਂ ਦੇ ਹਰ ਤਰ੍ਹਾਂ ਦੇ ਪ੍ਰਾਪੇਗੰਡਾ ਨਾਲ ਲੋਕ ਸਹਿਮਤ ਹੋ ਜਾਂਦੇ ਹਨ। ਨਾਟਕੀ ਦ੍ਰਿਸ਼ਾਂ ਅਨੁਸਾਰ ਕਾਲੀ ਸ਼ੰਕਰ, ਨਿਹਾਲ ਸਿੰਘ ਅਤੇ ਬਸ਼ੀਰ ਖਾਨ ਅਜਿਹੇ ਹੀ ਲੋਕ ਹਨ ਜੋ ਇਸੇ ਅੰਧ ਵਿਸ਼ਵਾਸ ਅਤੇ ਗੈਰ-ਤਾਰਕਿਕਤਾ ਦੇ ਪ੍ਰਣਾਏ ਹੋਏ ਲੋਕਾਂ ਨੂੰ ਧਰਮ ਦੀ ਦੁਹਾਈ ਦੇ ਧਰਮ ਦੇ ਨਾਂ 'ਤੇ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਵਰਤਦੇ ਹਨ। ਪਿੰਡ ਵਿਚ ਪਹਿਲਾਂ ਤੋਂ ਹੀ ਮੰਦਰ, ਗੁਰਦੁਆਰਾ ਅਤੇ ਮਸਜਿੱਦ ਮੌਜੂਦ ਹਨ। ਕਾਲੀ ਸ਼ੰਕਰ ਆਪਣੇ ਨਿਜੀ ਫਾਇਦੇ ਲਈ ਮਾਈ ਭਾਗੋ ਦੇ ਖੂਹ ਨੇੜੇ ਛੋਟੀ ਜਿਹੀ ਜਗਹ 'ਤੇ ਮੰਦਰ ਬਣਾਉਣ ਲਈ ਬਾਜ਼ਿਦ ਹੈ, ਉਸਦੇ ਪ੍ਰਤੀਕਰਮ ਵਜੋਂ ਨਿਹਾਲ ਸਿੰਘ ਅਤੇ ਬਸ਼ੀਰ ਖਾਨ ਵੀ ਆਪਣੇ-ਆਪਣੇ ਧਾਰਮਿਕ ਸਥਾਨਾਂ ਨੂੰ ਬਣਾਉਣ ਲਈ ਅੜ ਜਾਂਦੇ ਹਨ। ਦੇਖਦੇ ਹੀ ਦੇਖਦੇ ਮਾਈ ਭਾਗੋ ਦਾ ਸਰਬ ਸਾਂਝਾ ਖੂਹ ਧਾਰਮਿਕ ਅਖਾੜਾ ਬਣ ਜਾਂਦਾ ਹੈ। ਸਥਿਤੀ ਦੀ ਸੰਭਾਵੀ ਭਿਆਨਕਤਾ ਨੂੰ ਦੇਖਦੇ ਹੋਏ ਮਿੱਤਰ ਚਾਚਾ, ਰਾਮ ਅਤੇ ਰਹੀਮ ਸਭ ਤੋਂ ਪਹਿਲਾਂ ਕਾਲੀ ਸ਼ੰਕਰ ਨੂੰ ਸਮਝਾ ਕੇ ਜ਼ਿਦ ਛਡਣ ਦਾ ਯਤਨ ਕਰਦੇ ਹਨ :

ਮਿੱਤਰ : ਮਾਈ ਭਾਗੋ ਦੀ ਇਹ ਠੰਡੀ ਖੂਹੀ ਕਈ ਗੁਣਾਂ ਉਤੱਮ ਹੈ ਜਿਥੇ ਸਭ ਧਰਮਾਂ ਦੇ ਲੋਕ ਬਿੰਨਾਂ ਕਿਸੇ ਭੇਦ ਭਾਵ ਦੇ ਮਾਈ ਦੇ ਹਥੋਂ ਠੰਡਾ ਜਲ ਛੱਕ ਕੇ ਆਪਣੇ ਤਪਦੇ ਹਿਰਦੇ ਠਾਰਦੇ ਨੇ। ਬਾਕੀ ਰਹੀ ਤੇਰੀ ਭਗਤੀ ਦੀ ਗਲ, ਉਹਦੇ ਲਈ ਤੂੰ ਸਾਡੇ ਆਸ਼ਰਮ ਵਿਚ ਜਿੱਥੇਂ ਚਾਹੇਂ ਬਹਿ ਕੇ ਕਰ ਸਕਦਾ ਏਂ, ਕਿਉਂਕਿ ਸਾਡੇ ਆਸ਼ਰਮ ਵਿਚ ਮੰਦਰ ਵੀ ਹੈ, ਮਸਜਿਦ ਵੀ ਤੇ ਗੁਰੂਦੁਆਰਾ ਵੀ..ਸਮਝ ਆਈ ਗੱਲ [1]

ਉਪਰੋਕਤ ਪ੍ਰਵਚਣ ਵਿਚ ਮਿੱਤਰ ਚਾਚਾ, ਕਾਲੀ ਅੱਗੇ ਉਸ ਪਰੰਪਰਕ ਧਾਰਮਿਕ ਸਾਂਝ ਦਾ ਵਾਸਤਾ ਪਾਉਂਦਾ ਹੈ ਜਿਸਦਾ ਪ੍ਰਤੀਕ ਉਸਦਾ ਆਸ਼ਰਮ ਹੈ ਪਰ ਕਾਲੀ ਸ਼ੰਕਰ ਸਾਰੇ ਸੁਝਾਉ ਅਤੇ ਵਾਸਤਿਆਂ ਨੂੰ ਨਕਾਰਦਾ ਹੋਇਆ ਧਮਕੀਆਂ 'ਤੇ ਉੱਤਰ ਜਾਂਦਾ ਹੈ :

ਕਾਲੀ : ਮੈਨੂੰ ਤਾਂ ਸਮਝ ਆ ਗਈ ਭਗਤ ਜੀ ਪਰ ਲਗਦੈ ਤੁਹਾਨੂੰ ਮੇਰੀ ਨਹੀਂ ਆਈ ?

ਮਿੱਤਰ : ਅੱਛਾ... ? ਲੈ ਫਿਰ ਤੂੰ ਹੀ ਸਮਝਾ ਦੇ ਭਾਈ...

ਕਾਲੀ : ਤੁਹਾਨੂੰ ਸ਼ਾਇਦ ਪਤਾ ਨਹੀਂ, ਮੇਰੀ ਇਕ ਆਵਾਜ਼ ਤੇ ਮੇਰੇ ਧਰਮ ਦੇ ਲੋਕੀ ਇਸ ਮੰਦਰ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਨੂੰ ਤਿਆਰ ਹੋ ਜਾਣਗੇ... ?

ਮਿੱਤਰ : ਹਾਂ ਭਾਈ ! ਮੰਦਰ ਮਸਜਿਦ ਦੇ ਨਾਂ ਤੇ ਹੀ ਤੇਰੇ ਜਿਹੇ ਲੋਕ ਇਸ ਦੇਸ਼ ਅੰਦਰ ਦੇਸ਼ ਤੇ ਰਾਜ ਕਰ ਰਹੇ ਹਨ ! ਤੂੰ ਵੀ ਕਰਕੇ ਦੇਖ ਲੈ...[2]

ਇਸ ਉਪਰੰਤ ਮਾਈ ਭਾਗੋ ਦੀ ਖੂਹੀ ਵਾਲੀ ਥਾਂ ਬਾਰੋ-ਬਾਰੀ ਨਿਹਾਲ ਸਿੰਘ ਅਤੇ ਬਸ਼ੀਰਾ ਵੀ ਆਪਣੇ ਆਪਣੇ ਲੋਕਾਂ ਨਾਲ ਆ ਕੇ ਦਾਵਾ ਠੋਕਦੇ ਹਨ। ਮਿੱਤਰ ਚਾਚਾ ਬਾਰੋ ਬਾਰੀ ਸਾਰਿਆਂ ਨੂੰ ਆਪਣੇ ਆਪਣੇ ਧਰਮ ਦੀਆਂ ਦਲੀਲਾਂ ਦਿੰਦਾ ਤੇ ਮਨੁੱਖਤਾ ਦੇ ਵਾਸਤੇ ਪਾਉਂਦਾ ਸਥਿਤੀਆਂ ਨੂੰ ਕਾਬੂ ਵਿਚ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਕਰਦਾ ਹੈ। ਉਪਰੋਕਤ ਨਾਟਕੀ ਸਥਿਤੀ ਤੋਂ ਇਹ ਸਪਸ਼ਟ ਅੰਦਾਜਾ ਹੋ ਜਾਂਦਾ ਹੈ ਕਿ ਇਸ ਵਿਗਿਆਨਕ ਯੁਗ ਵਿਚ ਵੀ ਭਾਰਤ ਵਿਚਲੀ ਜਾਤ-ਪਾਤੀ ਅੰਤਰ-ਵਿਰੋਧੀ ਮਾਨਸਿਕਤਾ, ਪਿੱਤਰਸੱਤ੍ਹਾ ਤੇ ਮੱਧਯੁਗੀ ਕਦਰਾਂ ਕੀਮਤਾਂ ਦੀ ਮੌਜੂਦਗੀ ਹੈ। ਧਾਰਮਿਕ ਖੇਤਰ ਵਿੱਚ ਆਮ ਲੋਕਾਂ ਦੀਆਂ ਧਾਰਨਾਵਾਂ ਉਹੀ ਹੁੰਦੀਆਂ ਹਨ ਜੋ ਫਿਰਕੂ ਤਾਕਤਾਂ ਦੀਆਂ ਹੁੰਦੀਆਂ ਹਨ, ਇਸ ਤਰ੍ਹਾਂ ਇਹਨਾਂ ਖੇਤਰਾਂ ਵਿੱਚ ਆਮ ਲੋਕਾਂ ਦਾ ਫਿਰਕੂ ਤਾਕਤਾਂ ਨਾਲ ਸਾਂਝਾ ਮੋਰਚਾ ਬਣ ਜਾਂਦਾ ਹੈ ਜਿਸ ਕਾਰਨ ਇਨ੍ਹਾਂ ਦਾ ਕੋਈ ਸਰਗਰਮ ਵਿਰੋਧ ਨਹੀਂ ਹੁੰਦਾ ਤੇ ਜੇ ਮਿੱਤਰ ਚਾਚੇ ਵਰਗਾ ਕੋਈ ਇਨ੍ਹਾਂ ਦਾ ਵਿਰੋਧ ਕਰਦਾ ਵੀ ਹੈ ਤਾਂ ਉਸ ਨੂੰ ਇਹ ਹਰ ਹੀਲੇ ਦਬਾਉਣ ਦਾ ਯਤਨ ਕਰਦੇ ਹਨ। ਧਾਰਮਿਕ ਪੱਖ ਤੋਂ ਭਾਰਤੀ ਸਮਾਜ ਵਿੱਚ ਅਗਿਆਨਤਾ ਅਤੇ ਉਪਭਾਵੁਕਤਾ ਦਾ ਸਾਮਰਾਜ ਫੈਲਿਆ ਹੋਇਆ ਹੈ। ਸਾਡੇ ਲੋਕਾਂ ਨੂੰ ਆਮ ਜਾਣਕਾਰੀਆਂ, ਤੇ ਇਤਿਹਾਸ ਦੀ ਵੀ ਸਹੀ ਜਾਣਕਾਰੀ ਨਹੀਂ ਹੁੰਦੀ। ਇਸੇ ਕਾਰਨ ਸਦੀਆਂ ਪੁਰਾਣੇ ਅੰਧਵਿਸ਼ਵਾਸ਼ਾਂ, ਝੂਠੇ ਇਤਿਹਾਸ ਨੂੰ ਸਾਡੇ ਲੋਕ ਬਿਨਾਂ ਝਿਜਕ ਦੇ ਮੰਨ ਲੈਂਦੇ ਹਨ। ਇਤਿਹਾਸ, ਦੀਆਂ ਗਲਤ ਜਾਣਕਾਰੀਆਂ ਨੂੰ ਫਿਰਕੂ ਤਾਕਤਾਂ ਪਰਾਪੇਗੰਡਾ ਦੇ ਤੌਰ 'ਤੇ ਵਰਤ ਕੇ ਲੋਕਾਂ ਨੂੰ ਦੂਜੇ ਧਰਮਾਂ ਅਤੇ ਫਿਰਕਿਆਂ ਵਿਰੁੱਧ ਭੜਕਾਉਣ ਦਾ ਕੰਮ ਕਰਦੀਆਂ ਹਨ।

ਫਿਰਕਾਪ੍ਰਸਤੀ ਦਾ ਇਕ ਹੋਰ ਪ੍ਰਮੁੱਖ ਕਾਰਨ ਜੋ ਇਸ ਨਾਟਕ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਹੈ ਧਾਰਮਿਕ ਸੰਸਥਾਵਾਂ ਅੰਦਰ ਰਾਜਨੀਤਿਕ ਅਤੇ ਰਾਜਨੀਤੀ ਅੰਦਰ ਫਿਰਕਾਪ੍ਰਸਤ ਤਾਕਤਾਂ ਦਾ ਦਖਲ। ਦੋਵੇਂ ਇਕ ਦੂਸਰੇ ਲਈ ਸਾਜ਼ਗਾਰ ਹਨ। ਸਮਕਾਲੀ ਦੌਰ ਦੀ ਰਾਜਨੀਤੀ ਧਰਮ ਨਿਰਪੱਖ ਰਾਸ਼ਟਰਵਾਦੀ ਏਜੰਡੇ ਤੇ ਸਰਬ ਸਾਂਝੇ ਵਿਕਾਸ ਮਾਡਲ ਦੀ ਥਾਂ ਪੂਰੀ ਤਰ੍ਹਾਂ ਫਿਰਕਾਪ੍ਰਸਤੀ 'ਤੇ ਆਧਾਰਿਤ ਹੈ। ਪਿਛਲੇ ਕੁਝ ਸਮੇਂ ਤੋਂ ਇਸ ਭਾਂਤ ਦੀ ਰਾਜਨੀਤੀ ਨੇ ਨਵੇਂ ਰਾਜਨੀਤਿਕ ਸਮੀਕਰਨਾਂ ਨੂੰ ਜਨਮ ਦਿੱਤਾ ਹੈ ਜਿਸ ਕਰਕੇ ਸਮਕਾਲ ਵਿਚ ਰਾਸ਼ਟਰਵਾਦ ਦਾ ਸੰਕਲਪ ਵੀ ਨਵੇਂ ਸਿਰਿਉਂ ਸਿਰਜਿਆ ਜਾ ਰਿਹਾ ਹੈ। ਬਹੁ-ਸੰਖਿਅਕ ਅਤੇ ਅਲਪ-ਸੰਖਿਅਕ ਵਰਗਾਂ ਵਿਚ ਵਧੇ ਹੋਏ ਪਾੜੇ ਦੇ ਨਾਲ ਨਾਲ ਪਰਸਪਰ ਵਿਰੋਧ ਦੀ ਸੁਰ ਵੀ ਉਚੀ ਹੋਈ ਹੈ। ਇਨ੍ਹਾਂ ਸਥਿਤੀਆਂ ਵਿਚ ਬਹੁ-ਸੰਖਿਅਕ

ਵਰਗ ਦੀ ਸਥਿਤੀ ਮਜਬੂਤ ਹੋਈ ਹੈ ਅਤੇ ਅਲਪ-ਸੰਖਿਅਕ ਵਰਗ ਨੇ ਬਹੁ-ਸੰਖਿਅਕ ਵਰਗ ਨਾਲ ਮੁਕਾਬਲਾ ਕਰਨ ਲਈ ਸੰਗਠਿਤ ਹੋਣਾ ਸ਼ੁਰੂ ਕੀਤਾ ਹੈ ਜਿਸ ਕਰਕੇ ਸਥਿਤੀਆਂ ਹੋਰ ਬਿਗੜੀਆਂ ਹਨ। ਅਲਗ ਅਲਗ ਫਿਰਕਿਆਂ ਨਾਲ ਸੰਬੰਧਿਤ ਰਾਜਨੀਤਿਕ ਦਲਾਂ ਨੇ ਆਪਣੇ-ਆਪਣੇ ਫ਼ਿਰਕਿਆਂ ਦੇ ਲੋਕਾਂ ਨੂੰ ਦੂਸਰੇ ਫਿਰਕਿਆਂ ਦੇ ਲੋਕਾਂ ਵਿਰੁੱਧ ਵਰਤ ਕੇ ਉਨਮਾਦੀ ਮਾਹੌਲ ਵੀ ਸਿਰਜਿਆ ਹੈ। ਬਿਕਰਮਜੀਤ ਸਿੰਘ ਇਨ੍ਹਾਂ ਸਮਾਜਿਕ ਪਰਸਥਿਤੀਆਂ ਤੋਂ ਭਲੀ-ਭਾਂਤ ਜਾਣੂ ਹੈ ਅਤੇ ਆਪਣੇ ਇਸ ਨਾਟਕ ਵਿਚ ਫਿਰਕਾਪ੍ਰਸਤੀ ਦੇ ਇਸ ਤੀਸਰੇ ਕਾਰਨ ਨੂੰ ਨਾਟਕੀ ਸਥਿਤੀਆਂ ਵਿਚ ਬਿਆਨਦਾ ਹੈ। ਨਾਟਕੀ ਦ੍ਰਿਸ਼ ਅਨੁਸਾਰ ਕਾਲੀ ਸ਼ੰਕਰ, ਮਿੱਤਰ ਚਾਚੇ ਨੂੰ ਧਮਕਾਉਂਦਿਆਂ ਹੋਇਆਂ ਸਵਿਕਾਰਦਾ ਹੈ ਕਿ ਉਸ ਨੂੰ ਬਹੁ ਸੰਮਤੀ ਵਿਚ ਹੋਣ ਕਾਰਨ ਰਾਜਨੀਤਿਕ ਸੰਘਰਕਸ਼ਨ ਪ੍ਰਾਪਤ ਹੈ :

ਮਿੱਤਰ : ਕਾਲੀ ਸ਼ੰਕਰ ਲਗਦੈ ਤੂੰ ਲੱਤ ਹੀ ਨਹੀਂ ਦਿਮਾਗ ਤੋਂ ਵੀ ਅਪਾਹਿਜ ਹੈਂ...ਤੂੰ ਕੀ ਸਮਝਦਾ ਏਂ ਤੂੰ ਮਾਈ ਭਾਗੋ ਦੀ ਇਸ ਛੋਟੀ ਜੇਹੀ ਕੁਟੀਆ ਵਿਚ ਮੰਦਰ ਬਣਾ ਕੇ ਬੈਠ ਜਾਵੇਂਗਾ ਤੇ ਬਾਕੀ ਲੋਕ ਚੁਪ ਰਹਿਣਗੇ ? (ਤਿੰਨਾਂ ਧਾਰਮਿਕ ਚਿੰਨ੍ਹਾਂ ਵਲ ਸੰਕੇਤ ਕਰਕੇ) ਨਮੂਨਾ ਤੂੰ ਰਾਤੀਂ ਦੇਖਿਆ ਨਹੀਂ... ?

ਕਾਲੀ : ਇਸ ਨਮੂਨੇ ਦਾ ਕੀ ਐ ਭਗਤ ਜੀ, ਤੁਸੀਂ ਸ਼ਾਇਦ ਭੁਲ ਰਹੇ ਹੋ ਕਿ ਅਸੀਂ ਬਹੁਸਮੰਤੀ ਵਿਚੋਂ ਹਾਂ, ਇਸ ਕਰਕੇ ਸਰਕਾਰ ਨੇ ਵੀ ਸਾਨੂੰ ਛੂਟ ਦੇ ਰੱਖੀਐ ਕਿ ਅਸੀਂ ਜਿੱਥੇ ਚਾਹੀਏ ਆਪਣੇ ਡੇਰੇ ਲਾ ਕੇ ਬਹਿ ਸਕਦੇ ਹਾਂ...[3]

ਮਿੱਤਰ ਚਾਚਾ ਕਾਲੀ ਸ਼ੰਕਰ ਨੂੰ ਉਸਦਾ ਸਾਧੂ ਧਰਮ ਯਾਦ ਕਰਵਾਉਂਦੇ ਹੋਏ, ਸ਼ਾਂਤੀ ਲਈ ਪ੍ਰੇਰਦੇ ਹਨ ਤੇ ਹਿੰਸਾ ਦਾ ਰਸਤਾ ਤਿਆਗਨ ਲਈ ਸਮਝਾਉਂਦੇ ਹਨ :

ਮਿੱਤਰ : ਕਾਲੀ ਸ਼ੰਕਰ ਤੂੰ ਭੁੱਲ ਰਿਹੈਂ ਕਿ ਤੂੰ ਇਕ ਸਾਧੂ ਏਂ ਤੇ ਸਾਧੂ ਸ਼ਾਂਤੀ ਦਾ ਪ੍ਰਤੀਕ ਹੁੰਦਾ ਏ...ਕ੍ਰੋਧ ਤੇ ਹਿੰਸਾ ਤੈਨੂੰ ਸ਼ੋਭਾ ਨਹੀਂ ਦੇਵੇਗੀ... ਤੇਰੇ ਇਸ ਤਰ੍ਹਾਂ ਰੌਲਾ ਪਾਉਣ ਨਾਲ ਇੱਥੇ ਅਸ਼ਾਂਤੀ ਦਾ ਮਾਹੌਲ ਬਣ ਸਕਦਾ ਏ...ਇਸ ਲਈ ਚੁੱਪਚਾਪ ਇੱਥੋਂ ਚਲ ਜਾ, ਇਥੇ ਤੇਰੀ ਕੋਈ ਦਾਲ ਨਹੀਂ ਗੱਲਣੀ...[4]

ਮਿੱਤਰ ਚਾਚੇ ਦੀ ਸਲਾਹ ਨੂੰ ਕਾਲੀ ਸ਼ੰਕਰ ਦਰਕਿਨਾਰ ਕਰਦੇ ਹੋਏ ਸਮਝਣ ਦੀ ਥਾਂ ਆਪਣੇ ਰਾਜਸੀ ਰਸੂਖ ਦੇ ਡਰਾਵੇ ਦੇਣ ਲੱਗ ਪੈਂਦਾ ਹੈ;

ਕਾਲੀ : (ਅੱਖਾਂ ਕੱਢ ਕੇ, ਕ੍ਰੋਧ ਨਾਲ) ਤੂੰ ਮੈਨੂੰ ਵੰਗਾਰ ਰਿਹੈਂ ਭਗਤਾ... ? ਮੈਂ ਇੱਥੇ ਧਰਮ ਅਤੇ ਸਿਆਸਤ ਦਾ ਐਸਾ ਜਾਲ ਬੁਣਾਂਗਾ ਜਿਹਦੇ ਵਿਚ ਤੇਰੇ ਨਗਰ ਦੇ ਲੋਕ ਆਪਣੇ ਆਪ ਜਕੜਦੇ ਚਲੇ ਜਾਣਗੇ...[5]

ਉਪਰੋਕਤ ਦ੍ਰਿਸ਼ ਸਮਕਾਲੀ ਰਾਜਨੀਤੀ ਦੀ ਮੂੰਹ ਬੋਲਦੀ ਤਸਵੀਰ ਹੈ। ਮਿਤਰ ਚਾਚਾ ਕਾਲੀ ਸ਼ੰਕਰ ਨੂੰ ਦੇਸ਼ ਦੀ ਆਜ਼ਾਦੀ ਦਾ ਵਾਸਤਾ ਪਾਉਂਦਾ ਹੈ। ਉਹ ਉਸ ਨੂੰ ਦਸਦਾ ਹੈ ਕਿ ਅੰਗ੍ਰੇਜ਼ਾਂ ਹਥੋਂ ਅਜ਼ਾਦੀ ਕਿਸ ਕੀਮਤ 'ਤੇ ਅਤੇ ਕਿਸ ਤਰ੍ਹਾਂ ਮਿਲੀ ਹੈ ਅਤੇ ਇਸ ਅਜ਼ਾਦੀ ਦਾ ਮਹਤੱਵ ਕੀ ਹੈ;

ਮਿੱਤਰ : ਕੀ ਇਸੇ ਦਿਨ ਲਈ ਅਸੀਂ ਆਜ਼ਾਦੀ ਲਈ ਲੜਦੇ ਤੇ ਕੁਰਬਾਨੀਆਂ ਦੇਂਦੇ ਰਹੇ ਤਾਂਕਿ ਆਜ਼ਾਦ ਹੋ ਕੇ ਇਕ ਦਿਨ ਧਰਮ ਦੇ ਨਾਂ ਤੇ ਮਜ਼ਹਬ ਦੇ ਨਾਂ ਤੇ ਆਪਣੇ ਹੀ ਭੈਣ ਭਰਾਵਾਂ ਦਾ ਖ਼ੂਨ ਵਹਾਵਾਂਗੇ... ? ਨਹੀਂ ਬੇਟਾ ਨਹੀਂ। ਇਹ ਉਹ ਆਜ਼ਾਦੀ, ਉਹ ਸਵਤੰਤਰਤਾ ਨਹੀਂ ਜਿਸ ਦੇ ਸੁਪਨੇ ਇਸ ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੇ ਦੇਖੇ ਸਨ...ਇਹ ਤਾਂ ਉਸ ਗ਼ੁਲਾਮੀ ਤੋਂ ਵੀ ਬੱਦਤਰ ਹੈ ਜਿਹੜੀ ਅੰਗ੍ਰੇਜ਼ਾਂ ਨੇ ਸਾਨੂੰ ਦਿੱਤੀ ਸੀ... (ਹਉਕਾ ਭਰ ਕੇ) ਕੈਸਾ ਸਮਾਂ ਆ ਗਿਆ, ਅਸੀਂ ਅੰਗ੍ਰੇਜ਼ਾਂ ਦੀ ਗ਼ੁਲਾਮੀ ਮਿਲ ਕੇ ਕੱਟੀ ਪਰ ਆਜ਼ਾਦੀ ਸਾਨੂੰ ਰਾਸ ਹੀ ਨਹੀਂ ਆ ਰਹੀ... [6]

ਕੁਲ ਮਿਲਾ ਕੇ ਇਸ ਸੰਪ੍ਰਦਾਇਕ ਝਗੜੇ ਦੇ ਸੂਤਰਧਾਰ ਕਾਲੀ ਸ਼ੰਕਰ ਤੋਂ ਇਲਾਵਾ ਨਿਹਾਲ ਸਿੰਘ ਪਿੱਛੇ ਵੀ ਪ੍ਰਧਾਨ ਸਾਹਿਬ ਰੂਪੀ ਇਕ ਸਿਆਸੀ ਤਾਕਤ ਦਾ ਹੱਥ ਹੁੰਦਾ ਹੈ ਅਤੇ ਬਸ਼ੀਰੇ ਪਿੱਛੇ ਗੁਲਾਮੇ ਦਾ। ਇਨ੍ਹਾਂ ਤਾਕਤਾਂ ਦੇ ਹੰਕਾਰ ਅਤੇ ਧਰਮ ਪ੍ਰਤੀ ਅੰਨ੍ਹੇ ਨਜ਼ਰੀਏ ਕਰਕੇ ਇਹ ਆਪਸ ਵਿਚ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ। ਮਜ਼ਹਬੀ ਲੜਾਈ ਝਗੜੇ ਵਿਚ ਸਾਰੇ ਫਟੜ ਹੋ ਕੇ ਵੀ ਆਪਣੇ ਆਪਣੇ ਧਰਮ ਨੂੰ ਉਚਿਆਉਂਦੇ ਹਨ। ਉਦਾਸੀਨਤਾ ਵਿਚ ਡੁਬਿਆ ਮਿੱਤਰ ਚਾਚਾ ਮਨੁੱਖਤਾ ਦੇ ਹੱਕ ਚ ਆਹ ਦਾ ਨਾਅਰਾ ਮਾਰਦਾ ਹੈ :

ਮਿੱਤਰ : ਨਿਹਾਲ... ਬਸ਼ੀਰਾ... ਸ਼ੰਕਰ...ਇੰਨਾ ਕੁਝ ਹੋ ਜਾਣ ਦੇ ਬਾਅਦ ਵੀ ਤੁਹਾਡੇ ਅੰਦਰੋਂ ਇਕ ਦੂਜੇ ਪ੍ਰਤੀ ਨਫ਼ਰਤ ਮੁਕੀ ਨਹੀਂ... ? ਉਏ ਭੋਲੇ ਜੀਓ...ਧਰਮ ਕਿਸੇ ਦਾ ਵੀ ਉੱਚਾ ਤੇ ਸੁੱਚਾ ਨਹੀਂ ਹੁੰਦਾ...ਜਿਸ ਇਨਸਾਨ ਦੇ ਅੰਦਰ ਇਨਸਾਨੀਅਤ ਹੋਵੇ ਉਸੇ ਦਾ ਧਰਮ ਸਭ ਤੋਂ ਉੱਚਾ ਤੇ ਸੁੱਚਾ ਹੁੰਦਾ ਏ...।[7]

ਅਖੀਰ ਸਾਰੇ ਹੀ ਆਪਣੀ ਗਲਤੀ ਦਾ ਪਸ਼ਚਾਤਾਪ ਕਰਦੇ ਹਨ। ਨਾਟਕਕਾਰ ਵਲੋਂ ਅਧਿਆਤਮਕ ਪੈਂਤੜੇ ਰਾਹੀਂ ਨਾਟਕੀ ਦ੍ਰਿਸ਼ ਵਿਚ ਮਾਈ ਭਾਗੋ ਨੂੰ ਪਾਣੀ ਦੀ ਗਾਗਰ ਸਮੇਤ ਖ਼ੂਹ ਵਿਚੋਂ ਕੱਢਣਾ ਅਤੇ ਸਾਰਿਆਂ ਦਾ ਇਕ ਬਾਟੇ ਵਿਚੋਂ ਪਾਣੀ ਪੀਣਾ ਸੰਕੇਤ ਰੂਪ ਵਿਚ ਮਨੁੱਖਤਾ ਦੀ ਜਿੱਤ ਨੂੰ ਦਰਸ਼ਾਉਂਦਾ ਹੈ। ਬਿਕਰਮਜੀਤ ਸਿੰਘ ਨੇ ਆਪਣੇ ਇਸ ਨਾਟਕ ਰਾਹੀਂ ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕੀਤਾ ਹੈ। ਉਸਨੇ ਸੰਪ੍ਰਦਾਇਕਤਾ ਦੀ ਬਲੀ ਚੜਦੀ ਮਨੁੱਖਤਾ ਦਾ ਨਾਟਕੀ ਢੰਗ ਨਾਲ ਵਰਣਨ ਕਰਦਿਆਂ ਅਜਿਹਾ ਕਰਨ ਵਾਲਿਆਂ ਤੋਂ ਚੇਤੰਨ ਹੋਣ ਦਾ ਸੁਨੇਹਾ ਦਿੱਤਾ ਹੈ। ਬਿਕਰਮਜੀਤ ਸਿੰਘ ਇਸ ਨਾਟਕ ਵਿਚ ਮਾਨਵ ਨੂੰ ਮਾਨਵ ਦੇ ਰੂਪ ਵਿਚ ਵੇਖਦਾ ਹੈ ਨਾ ਕਿ ਹਿੰਦੂ, ਸਿੱਖ ਜਾਂ ਮੁਸਲਮਾਨ ਦੇ ਰੂਪ ਵਿਚ। ਮਜ਼ਹਬ ਦੇ ਨਾਂ 'ਤੇ ਕੁਕਰਮ ਕਰਨ ਵਾਲਿਆਂ ਨੂੰ ਉਹ ਮਨੁੱਖੀ ਦ੍ਰਿਸ਼ਟੀਕੋਣ ਤੋਂ ਹੀ ਨਿੰਦਦਾ ਹੈ। ਅਜਿਹਾ ਕਰਨ ਵਾਲੇ ਸਿੱਖ ਵੀ ਉਸ ਦੀ ਘ੍ਰਿਣਾ ਅਤੇ ਕ੍ਰੋਧ ਦੇ ਉਨੇ ਹੀ ਪਾਤਰ ਹਨ ਜਿੰਨੇ ਹਿੰਦੂ ਅਤੇ ਮੁਸਲਮਾਨ। ਇਸ ਨਾਟਕ ਦੀ ਇਕ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਵਿਚ ਨਾਟਕਕਾਰ ਭਿਅੰਕਰ ਮਜ਼ਹਬੀ ਝੱਖੜ ਵਿਚ ਵੀ ਮਾਨਵਤਾ ਦੀ ਜੋਤ ਨੂੰ ਜਗਦਿਆਂ ਦਿੱਖਾਉਂਦਾ ਹੈ ਤੇ ਮੌਤ ਦੀ ਹੱਦ ਤੱਕ ਪਹੁੰਚੇ ਮਨੁੱਖ ਨੂੰ ਨਿਰਾਸ਼ ਨਹੀਂ ਹੋਣ ਦਿੰਦਾ ਅਤੇ ਸਾਰਿਆਂ ਦੇ ਮਨ ਵਿਚ ਮਨੁੱਖਤਾ ਲਈ ਵਿਸ਼ਵਾਸ ਬਣਾਈ ਰੱਖਦਾ ਹੈ। ਮਿੱਤਰ ਚਾਚੇ, ਰਾਮ ਅਤੇ ਰਹੀਮ ਦੇ ਰੂਪ ਵਿਚ ਉਸ ਨੂੰ ਸਾਰੇ ਧਰਮਾਂ ਵਿਚ ਅਜਿਹੇ ਪਾਤਰ ਮਿਲਦੇ ਹਨ ਜੋ ਮਜ਼ਹਵੀ ਵਲਗਣਾਂ ਵਿਚੋਂ ਨਿਕਲ ਕੇ ਮਨੁੱਖੀ ਭਾਵਨਾਵਾਂ ਤੋਂ ਪ੍ਰੇਰਿਤ ਹੋ ਫ਼ਿਰਕਾਪ੍ਰਸਤੀ ਦੇ ਸ਼ਿਕਾਰ ਲੋਕਾਂ ਦਾ ਭਲਾ ਕਰਨ ਦਾ ਯਤਨ ਕਰਦੇ ਹਨ। ਇਸ ਨਾਟਕ ਦਾ ਆਰੰਭ ਜੇਕਰ ਮਨੁੱਖਤਾ ਦੀ ਰਹਿਬਰ ਬਾਣੀ ਦੇ ਸਲੋਕ ਦੇ ਫ਼ੇਡ ਆਊਟ ਅਤੇ ਫਿਰਕਾਪ੍ਰਸਤੀ ਦੇ

ਉਬਾਰ ਨਾਲ ਹੁੰਦਾ ਹੈ ਤਾਂ ਅੰਤ ਫ਼ਿਰਕਾਪ੍ਰਸਤੀ ਦੇ ਨਿਘਾਰ ਅਤੇ ਮਨੁੱਖਤਾ ਦੇ ਮਹੱਤਵ ਨੂੰ ਪ੍ਰਕਾਸ਼ਮਾਨ ਕਰਦੀ ਗੁਰਬਾਣੀ ਦੇ ਸਲੋਕ ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ...ਦੀ ਸੰਗੀਤਕ ਅਤੇ ਮਧੁਰ ਧੁਨੀ ਦੇ ਵੱਧਣ ਨਾਲ ਹੁੰਦਾ ਹੈ। ਇਹ ਸ਼ਾਬਦਿਕ ਧੁਨੀ ਹੀ ਇਸ ਨਾਟਕ ਵਿਚ ਸਮਕਾਲੀ ਸੰਪ੍ਰਦਾਇਕਤਾ ਵਿਰੁੱਧ ਨਾਬਰੀ ਅਤੇ ਪ੍ਰਤੀ ਉੱਤਰ ਹੋ ਨਿਬੜਦੀ ਹੈ।

3

ਬਿਕਰਮਜੀਤ ਸਿੰਘ ਆਪਣੇ ਦੂਸਰੇ ਨਾਟਕ 'ਮੈਂ ਹਿੰਦੋਸਤਾਨ ਹਾਂ' ਰਾਹੀਂ ਸਮਕਾਲੀ ਰਾਜਨੀਤੀ ਦੇ ਝੰਬੇ ਹਿੰਦੋਸਤਾਨ ਦੀ ਵੇਦਨਾ ਨੂੰ ਵਿਅੰਗਾਤਮਕ ਰੂਪ ਵਿਚ ਪੇਸ਼ ਕਰਦਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਨਾਟਕਕਾਰ ਨੇ ਇਸ ਨਾਟਕ ਵਿਚ ਸਮਕਾਲੀ ਭਾਰਤੀ ਰਾਜਨੀਤੀ ਦੀ ਯਥਾਰਥਕ ਤਸਵੀਰ ਪੇਸ਼ ਕਰਦਿਆਂ ਸਮਕਾਲੀ ਰਾਜਨੀਤੀ ਨੂੰ ਹੀ ਭਾਰਤ ਦੀ ਅਜੋਕੀ ਪੀੜ੍ਹੀ ਦੇ ਵਿਭਿੰਨ ਮਸਲਿਆਂ ਦੀ ਕਾਰਕ ਦਸਿਆ ਹੈ। ਸਮੁੱਚੇ ਭਾਰਤ ਦੀ ਅਜੋਕੀ ਪੀੜ੍ਹੀ ਸਾਹਮਣੇ ਮੌਜੂਦਾ ਸਿਆਸਤ ਨੂੰ ਸਮਝਣ ਦਾ ਇਕ ਗੰਭੀਰ ਮਸਲਾ ਬਣਿਆ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ 21 ਵੀਂ ਸਦੀ ਤਕ ਪਹੁੰਚਦਿਆਂ ਭਾਰਤ ਦੀਆਂ ਸਿਆਸੀ ਸੰਸਥਾਵਾਂ ਵਿਚ ਰੂਪ, ਤੱਤ ਅਤੇ ਪ੍ਰਕਾਰਜੀ ਪੱਖ ਤੋਂ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਸੂਚਨਾ ਕ੍ਰਾਂਤੀ, ਨਿੱਜੀਕਰਨ, ਪੂੰਜੀਵਾਦ, ਮੰਡੀ ਦੀ ਵਿਵਸਥਾ, ਵਿਸ਼ਵੀਕਰਨ, ਉਦਾਰੀਕਰਨ ਅਤੇ ਸ਼ੇਅਰ ਮਾਰਕਿਟ ਆਦਿ ਦੇ ਹੋਂਦ ਵਿਚ ਆਉਣ ਨਾਲ ਸਿਆਸਤ ਵਿਚ ਸੱਤਾ ਦਾ ਵਿਕੇਂਦਰੀਕਰਨ ਹੋਣਾ ਆਰੰਭ ਹੋਇਆ ਹੈ ਜਿਸ ਕਰਕੇ ਸਿਆਸਤ ਅਤੇ ਸੱਤਾ ਵਿਚ ਕਾਰਪੋਰੇਟ ਸੈਕਟਰ ਦਾ ਦਖ਼ਲ ਪਹਿਲੇ ਦੇ ਮੁਕਾਬਲੇ ਚਰਮ ਤੇ ਹੈ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਕਾਰਪੋਰੇਟ ਵਰਗਾਂ ਅਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਕਰਕੇ ਆਮ ਜਨਤਾ ਆਰਥਿਕ ਅਤੇ ਮਾਨਸਿਕ ਸ਼ੋਸ਼ਨ ਦਾ ਸ਼ਿਕਾਰ ਹੋ ਰਹੀ ਹੈ। ਤੱਤ ਰੂਪ ਵਿਚ ਕਹੀਏ ਤਾਂ ਭਾਰਤ ਦੀ ਸਮਕਾਲੀ ਰਾਜਨੀਤੀ ਲੋਕਰਾਜੀ ਮੁਹਾਵਰੇ ਦੀ ਥਾਂ ਕੇਵਲ ਵਪਾਰਿਕ ਅਦਾਰਾ ਬਣੀ ਹੋਈ ਹੈ। ਇਸ ਦਾ ਗੰਭੀਰ ਨਤੀਜਾ ਇਹ ਨਿਕਲ ਰਿਹਾ ਹੈ ਕਿ ਭਾਰਤ ਵਿਚ ਸਿਆਸਤ ਦਾ ਅਪਰਾਧੀਕਰਨ ਅਤੇ ਅਪਰਾਧੀਆਂ ਦਾ ਸਿਆਸੀਕਰਨ ਬਹੁਤ ਹੀ ਤੇਜੀ ਨਾਲ ਹੋ ਰਿਹਾ ਹੈ। ਮੌਜੂਦਾ ਦੌਰ ਭਾਰਤੀ ਰਾਜਨੀਤੀ ਦਾ ਕਿਸੇ ਵੀ ਸਮੇਂ ਨਾਲੋਂ ਸਭ ਤੋਂ ਵੱਧ ਖਤਰਨਾਕ ਦੌਰ ਸਿੱਧ ਹੋ ਰਿਹਾ ਹੈ ਜਿਥੇ ਰਾਜਨੀਤਿਕ ਨਾਰਾ ਤਾਂ ਭਾਵੇਂ 'ਸਭਕਾ ਸਾਥ ਸਭਕਾ ਵਿਕਾਸ' ਦਾ ਹੈ ਪਰ ਅਸਲ ਹਕੀਕਤ ਸਰਕਾਰੀ ਸਰਪ੍ਰਸਤੀ ਅਧੀਨ ਕਾਰਪੋਰੇਟ ਘਰਾਣਿਆਂ ਵਲੋਂ ਕੀਤੇ ਘੋਟਾਲਿਆਂ, ਭ੍ਰਿਸ਼ਟਾਚਾਰ ਅਤੇ ਗੈਰ ਕਾਨੂਨੀ ਕੰਮਾ ਦੇ ਰੂਪ ਵਿਚ ਸਾਡੇ ਸਾਹਮਣੇ ਹੈ ਜਿਥੇ ਵਿਕਾਸ ਕੇਵਲ ਕੁਝ ਕੁ ਅਮੀਰ ਲੋਕਾਂ ਲਈ ਹੀ ਨਿਸ਼ਚਿਤ ਹੈ ਜਦਕਿ ਆਮ ਭਾਰਤੀ ਜਨਤਾ ਅਜ ਵੀ ਆਪਣੀਆਂ ਬੁਨਿਆਦੀ ਜ਼ਰੂਰਤਾਂ ਲਈ ਸਿਆਸਤਦਾਨਾ ਅੱਗੇ ਤਰਲੇ ਮਛੀ ਹੋ ਰਹੀ ਹੈ। ਬਿਕਰਮਜੀਤ ਸਿੰਘ ਅਸਲ ਵਿਚ ਭਾਰਤੀ ਰਾਜਨੀਤੀ ਦੀ ਉਦਾਸੀਨਤਾ ਦੇ ਸ਼ਿਕਾਰ ਅਜਿਹੇ ਹਿੰਦੋਸਤਾਨੀਆ ਦੀਆਂ ਹੀ ਤੰਗੀਆਂ, ਤੁਰਸ਼ੀਆਂ ਅਤੇ ਕਠਿਨਾਈਆਂ ਦਾ ਨਾਟਕੀ ਰੁਪਾਂਤਰਣ ਕਰਦਾ ਹੈ। ਨਾਟਕ 'ਮੈਂ ਹਿੰਦੋਸਤਾਨ ਹਾਂ' ਵਿਚਲੇ ਪਹਿਲੇ ਦ੍ਰਿਸ਼ ਵਿਚ ਹੀ ਇਸ ਤੱਥ ਦੀ ਕਨਸੋਅ ਮਿਲ ਜਾਂਦੀ ਹੈ ਜਿਸ ਵਿਚ ਵੱਖ ਵੱਖ ਪਾਤਰਾਂ ਰਾਹੀਂ ਹਿੰਦੋਸਤਾਨ ਆਪਣੀ ਸਮਕਾਲੀ ਸਥਿਤੀ ਦਾ ਰੋਣਾ ਰੋਂਦਾ ਹੈ;

ਪੰਜ : ਘੋਰ ਗੁਲਾਮੀ ਦੇ ਇਸ ਹਨੇਰੇ ਵਿਚ ਨਿਕਲਣ ਤੋਂ ਬਾਅਦ ਮੇਰਾ ਸੁਪਨਾ ਸੀ ਕਿ ਮੇਰਾ ਹਰ ਬੱਚਾ ਭਰ ਪੇਟ ਰੋਟੀ ਖਾਂਦਾ, ਸਭ ਵਿਚ ਬਰਾਬਰਤਾ, ਸੱਚ, ਹੱਕ ਤੇ ਪਿਆਰ ਹੁੰਦਾ...

ਛੇ : (ਉਚੇ ਸੁਰ ਵਿਚ) ਪਰ ਮੇਰਾ ਉਹ ਸੁਪਨਾ ਪੂਰਾ ਨਾ ਹੋਇਆ... ਮੇਰੇ ਅੰਦਰ ਲੁਟ-ਖਸੁਟ ਤੇ ਰਾਜਸੀ ਸੱਤਾ ਲਈ ਖਿੱਚੋਤਾਣੀ ਲਗੀ ਹੋਈ ਹੈ...ਹਰ ਬੁਰਾਈ ਮੈਨੂੰ ਚੂੰਡ ਚੂੰਡ ਕੇ ਖਾ ਰਹੀ ਏ ਤੇ ਮੈਂ ਅੰਦਰੋਂ ਹੀ ਅੰਦਰ ਖੋਖਲਾ ਹੁੰਦਾ ਜਾ ਰਿਹਾ ਹਾਂ...

ਸੱਤ : ਮੇਰੇ ਸਰੀਰ ਦੇ ਕਿਸ ਹਿੱਸੇ ਵਿਚ ਮੇਰੇ ਬੱਚਿਆਂ ਦਾ ਲਹੂ ਨਹੀ ਡੁੱਲ ਰਿਹਾ..ਮੇਰੇ ਦੁਸ਼ਮਣ ਮੇਰੇ ਟੋਟੇ-ਟੋਟੇ ਕਰ ਦੇਣਾ ਚਾਹੁੰਦੇ ਹਨ...

ਅੱਠ : ਪਰ ਮੈਂ ਹੋਰ ਟੁਕੜੇ-ਟੁਕੜੇ ਨਹੀਨ ਹੋਣਾ ਚਾਹੁੰਦਾ... ਮੈਂ ਇਕ ਤਾਕਤਵਰ ਤੇ ਫਲਦਾਇਕ ਰੁਖ ਬਣਨਾ ਚਾਹੁੰਦਾ ਹਾਂ ਪਰ ਮੇਰੇ ਬੱਚੇ ਵੇਗਾਨਿਆਂ ਦੇ ਆਖੇ ਲੱਗ ਕੇ ਮੈਨੂੰ ਵੱਢਣ ਲਈ ਇਕ ਦੂਜੇ ਦੇ ਖੂਨ ਦੇ ਪਿਆਸੇ ਹੋਏ ਫਿਰਦੇ ਨੇ...ਇਨ੍ਹਾਂ ਨੂੰ ਆਪਸ ਵਿਚ ਲੜਦਾ ਵੇਖ ਕੇ ਮੈਨੂੰ ਇੰਝ ਲਗਦਾ ਏ ਜਿਵੇਂ ਮੈਂ ਅੱਜ ਵੀ ਗ਼ੁਲਾਮ ਹਾਂ ਅਜ਼ਾਦ ਨਹੀਂ...

ਨੌਂ : ਫਰਕ ਸਿਰਫ ਏਨਾ ਹੈ ਕਿ ਪਹਿਲਾਂ ਮੈਂ ਬੇਗਾਨਿਆਂ ਦੀ ਗੁਲਾਮੀ ਦਾ ਸ਼ਿਕਾਰ ਸਾਂ ਤੇ ਅੱਜ ਮੈਨੂੰ ਮੇਰੇ ਆਪਣੇ ਹੀ ਬੱਚੇ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜ ਦੇਣਾ ਚਾਹੁੰਦੇ ਨੇ...

ਦੱਸ : ਮੈਨੂੰ ਲਗਦੇ ਗੋਰੇ ਗਏ ਨਹੀਂ, ਉਹ ਅੱਜ ਵੀ ਮੇਰੇ ਅੰਦਰ ਮੌਜੂਦ ਨੇ... ਉਨ੍ਹਾਂ ਨੇ ਕੇਵਲ ਆਪਣਾ ਰੰਗ-ਰੂਪ ਬਦਲਿਆ ਹੈ।"

ਇਸ ਦ੍ਰਿਸ਼ ਦਾ ਉਪਰੋਕਤ ਅਖੀਰਲਾ ਕਥਨ "ਮੈਨੂੰ ਲਗਦੇ ਗੋਰੇ ਗਏ ਨਹੀਂ, ਉਹ ਅੱਜ ਵੀ ਮੇਰੇ ਅੰਦਰ ਮੌਜੂਦ ਨੇ... ਉਨ੍ਹਾਂ ਨੇ ਕੇਵਲ ਆਪਣਾ ਰੰਗ-ਰੂਪ ਬਦਲਿਆ ਹੈ" ਹੀ ਸਮਕਾਲੀ ਰਾਜਨੀਤੀ ਦੀ ਹੋਣੀ ਹੈ ਜਿੱਥੇ ਸਮੇਂ ਸਮੇਂ ਸਿਰ ਸਿਆਸੀ ਸੱਤਾ 'ਤੇ ਬੈਠਨ ਵਾਲੇ ਚਿਹਰੇ ਤਾਂ ਬੇਸ਼ਕ ਬਦਲ ਜਾਂਦੇ ਹਨ ਪਰ ਸੁਭਾਓ ਨਹੀਂ ਬਦਲਦਾ। ਇਸ ਨਾਟਕ ਦੇ ਦੋਵੇਂ ਕਿਰਦਾਰ ਲੁਟਪੁਟ ਰਾਮ ਅਤੇ ਛੁਟਪੁਟ ਰਾਮ ਅਜਿਹੇ ਹੀ ਪਾਤਰ ਹਨ ਜੋ ਇਲੈਕਸ਼ਨ ਤੋਂ ਪਹਿਲਾਂ ਤਾਂ ਲੋਕ ਹਿਤੈਸ਼ੀ ਨਾਅਰੇ ਮਾਰਦੇ ਹਨ ਪਰ ਸੱਤਾ 'ਤੇ ਕਾਬਜ਼ ਹੁੰਦੇ ਹੀ ਉਨ੍ਹਾਂ ਦਾ ਸਭ ਤੋਂ ਪਹਿਲਾ ਕਾਰਜ ਲੋਕਾਂ ਦੀ ਦੋਵੇਂ ਹਥੀਂ ਲੁਟ ਕਰਨਾ ਹੈ। ਨਾਟਕਕਾਰ ਨੇ ਇਸ ਰਾਜਨੀਤਿਕ ਸੰਕਟ ਲਈ ਜਿਥੇ ਸਿਆਸੀ ਲੋਕਾਂ ਦੀ ਸਿਆਸੀ ਚੇਤਨਾਂ ਨੂੰ ਜਿੰਮੇਵਾਰ ਮੰਨਿਆ ਹੈ ਉਥੇ ਨਾਟਕ ਵਿਚਲੇ ਕੁਝ ਦ੍ਰਿਸ਼ਾਂ ਰਾਹੀਂ ਭਾਰਤੀ ਲੋਕਾਂ ਵਿਚ ਰਾਜਨੀਤਿਕ ਸੂਝ ਦੀ ਕੰਮੀ ਨੂੰ ਵੀ ਇਕ ਜਿੰਮੇਵਾਰ ਕਾਰਕ ਮੰਨਿਆ ਹੈ। ਜਿਸ ਕਰਕੇ ਭਾਰਤੀ ਲੋਕ ਮੱਤ ਦਾਤਾ ਦੇ ਨਾਂ 'ਤੇ ਕੇਵਲ ਸ਼ਰਾਬ ਅਤੇ ਪੈਸੇ ਨਾਲ ਖਰੀਦੇ ਵੇਚੇ ਜਾ ਸਕਦੇ ਵੋਟਰਾਂ ਤੋਂ ਵੱਧ ਕੋਈ ਹਸਤੀ ਨਹੀਂ ਰਖਦੇ। ਨਾਟਕਕਾਰ ਨਾਟਕ ਵਿਚ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਸੁਚੇਤ ਹਲ ਸਮੂਹਕ ਸੰਘਰਸ਼ ਦੇ ਰੂਪ ਵਿਚ ਦੇਖਦਾ ਹੈ। ਸਾਰੇ ਪਾਤਰ ਅੰਤ ਵਿਚ ਮਿਲ ਕੇ ਵਿਰੋਧੀ ਸੁਰ ਵਿਚ ਨਾਅਰੇ ਮਾਰਦੇ ਹਨ :

ਇਕ : ਹਰ ਜ਼ੋਰ ਜ਼ੁਲਮ ਦੀ ਟੱਕਰ ਵਿਚ...

ਸਾਰੇ : ਸੰਘਰਸ਼ ਅਸਾਡਾ ਨਾਰਾ ਏ... ਸੰਘਰਸ਼ ਅਸਾਡਾ ਨਾਰਾ ਏ।" 100

ਅਤੇ ਕੋਰਸ ਗੀਤ ਵਿਚਲੇ ਚਿੰਤਨਸ਼ੀਲ ਵਿਚਾਰਾਂ ਰਾਹੀਂ

ਅਜੋਕੀ ਸਿਆਸਤ ਦੇ ਰੂਬਰੂ ਹੁੰਦੇ ਹਨ

ਇਕ : ਆ ਜਵਾਨਾਂ, ਆ ਕਿਸਾਨਾਂ, ਆ ਮਜ਼ਦੂਰਾ ਆ
ਆ ਰਲਮਿਲ ਬਹਿ ਕੇ ਸੋਚੀਏ
ਜਿਸ ਸੋਚ ਨੇ ਦਰ-ਬੇ-ਦਰ ਕੀਤਾ
ਕਿਵੇਂ ਉਸ ਦੀ ਫੱਟੀ ਪੋਚੀਏ
ਆ ਰਲਮਿਲ ਬਹਿ ਕੇ ਸੋਚੀਏ

ਦੋ : ਤੇਰੀ ਡਿਗਰੀ ਨੂੰ ਕੋਈ ਨਾ ਪੁੱਛੇ
ਕਿਉਂ ਦੌਰ ਇਹ ਰਿਸ਼ਵਤ ਖੋਰ ਹੈ
ਤੇਰੀ ਹੱਕ ਹਲਾਲ ਦੀ ਕਮਾਈ ਤੇ
ਕਿਉਂ ਹੱਕ ਜਤਾਂਦਾ ਚੋਰ ਹੈ
ਆ ਰਲਮਿਲ ਬਹਿ ਕੇ ਸੋਚੀਏ

ਤਿੰਨ : ਇਹ ਮੰਗਤੇ ਬਣ ਬਣ ਆਉਂਦੇ ਨੇ
ਫਿਰ ਭਿਖਿਆ ਵੋਟ ਦੀ ਮੰਗਦੇ ਨੇ
ਅਸੀਂ ਹੱਥੀਂ ਦੁੱਧ ਪਿਲਾਉਂਦੇ ਹਾਂ
ਕਿਉਂ ਮੁੜ ਮੁੜ ਸਾਨੂੰ ਡੰਗਦੇ ਨੇ
ਆ ਰਲਮਿਲ ਬਹਿ ਕੇ ਸੋਚੀਏ

ਚਾਰ : ਇਸ ਚਾਤੁਰ ਦੇ ਆਖੇ ਲਗ ਕੇ
ਅਸੀਂ ਬਣ-ਬਣ ਸ਼ੋਅਲੇ ਮੱਚਦੇ ਹਾਂ
ਇਸ ਦੀ ਉਂਗਲ ਦੀ ਹਰ ਸੈਨਤ 'ਤੇ
ਕਿਉਂ ਨਾਚ ਕੁਢੰਗਾ ਨੱਚਦੇ ਹਾਂ
ਆ ਰਲਮਿਲ ਬਹਿ ਕੇ ਸੋਚੀਏ

ਸਾਰੇ : ਜਾਗ ਜਵਾਨਾਂ ਜਾਗ, ਭਈ ਹੁਣ ਜਾਗ ਕਿਸਾਨਾਂ ਜਾਗ
ਜਾਗ ਮਜੂਰਾ ਜਾਗ, ਭਈ ਹੁਣ ਜਾਗ ਮਜਬੂਰਾ ਜਾਗ...[10] 102-103

ਸੰਘਰਸ਼ ਦੀ ਨਵੀਨ ਚੇਤਨਾ ਦਾ ਇਹ ਕੋਰਸ ਅਤੇ ਜਾਗਣ ਦਾ ਸੁਨੇਹਾ ਹੀ ਸਮਕਾਲੀ ਰਾਜਨੀਤੀ ਵਿਰੁੱਧ ਨਾਬਰੀ ਅਤੇ ਪ੍ਰਤੀ ਉੱਤਰ ਹੈ। ਆਪਣੇ ਇਸੇ ਚੇਤਨਾ ਪ੍ਰਵਾਹ ਕਰਕੇ ਬਿਕਰਮਜੀਤ ਸਿੰਘ ਦਾ ਇਹ ਨਾਟਕ ਸਮਕਾਲ ਵਿਚ ਨਾ ਕੇਵਲ ਪ੍ਰਸੰਗਿਕ ਹੈ ਬਲਕਿ ਸਫ਼ਲ ਵੀ ਹੈ।

### ਹਵਾਲੇ ਅਤੇ ਟਿਪਣੀਆਂ


1. ਬਿਕਰਮਜੀਤ ਸਿੰਘ, ਮੇਰੇ ਮੰਚਿਤ ਨਾਟਕ (ਕੁਦਰਤ ਕੇ ਸਭ ਬੰਦੇ) ਪੰਨਾ-29.
2. -ਉਹੀ-ਪੰਨਾ 29-30.
3. -ਉਹੀ-ਪੰਨਾ 28.
4. -ਉਹੀ-ਪੰਨਾ 29-30.
5. -ਉਹੀ-ਪੰਨਾ 30.
6. -ਉਹੀ-ਪੰਨਾ 49-50.
7. -ਉਹੀ-ਪੰਨਾ 62.
8. ਬਿਕਰਮਜੀਤ ਸਿੰਘ, ਮੇਰੇ ਮੰਚਿਤ ਨਾਟਕ (ਮੈਂ ਹਿੰਦੋਸਤਾਨ ਹਾਂ) ਪੰਨਾ 71-73.
9. -ਉਹੀ-ਪੰਨਾ 100.
10. -ਉਹੀ- ਪੰਨਾ 102-103.


*ਮੋਬਾ. 8803083825*

*(ਪੰਨਾ 31 ਦਾ ਬਾਕੀ)*

ਉਹ ਸੁਪਨੇ, ਜੋ ਉਥੋਂ ਦੇ ਸਥਾਪਿਤ ਦੇਸੀ ਨੇ ਦੇਖੇ ਸਨ, ਪਰ ਸੁਪਨਾ ਪੂਰਾ ਹੋਣ ਦੇ ਬਾਵਜੂਦ ਵੀ ਕੋਈ ਦੇਸੀ ਜ਼ਿੰਦਗੀ ਨੂੰ ਮਾਣਦਾ ਨਹੀਂ ਦਿੱਸਿਆ। ਹੁਣ ਉਸ ਨੂੰ ਇਸ ਗੱਲ ਦਾ ਫ਼ਿਕਰ ਹੈ ਕਿ ਇਹ ਦੇਸੀ ਭਾਈਬੰਦ ਇੱਥੇ ਆ ਕੇ ਫੈਲਦੇ ਜਾ ਰਹੇ ਹਨ ਤੇ ਸਾਡੇ ਲਈ ਥਾਂ ਘੱਟ ਪੈ ਜਾਏਗੀ। ਫਿਰ ਕਿਹੜੇ ਸੁਪਨੇ ਦੇਖ ਤੇ ਜੀਅ ਰਿਹਾ ਹੈ ਪੰਜਾਬੀ। ਲੰਮਾ ਅਰਸਾ ਉਥੇ ਰਹਿਣ ਦੇ ਬਾਵਜੂਦ, ਉਨ੍ਹਾਂ ਨੇ ਉਥੋਂ ਦਾ ਬਹੁਤ ਕੁਝ ਨਹੀਂ ਦੇਖਿਆ। ਸੈਰ ਨਹੀਂ ਕੀਤੀ, ਜ਼ਿੰਦਗੀ ਨੂੰ ਮਾਣਿਆ ਨਹੀਂ। ਉਹ ਅਜੇ ਵੀ ਲੇਖੇ-ਜੋਖੇ ਵਿੱਚ ਹੀ ਉਲਝੇ ਹੋਏ ਹਨ। ਕਦੇ ਪਿੱਛੇ ਬੈਠੇ ਮਾਪਿਆਂ ਲਈ ਤੇ ਕਦੇ ਉਥੇ ਨਿਕੰਮੇ ਨਿਕਲੇ ਧੀਆਂ-ਪੁੱਤਰਾਂ ਲਈ। ਸੱਚ ਹੈ, ਡਾਲਰਾਂ-ਪੌਡਾਂ ਦੇ ਚੱਕਰ ਵਿੱਚ ਪੰਜਾਬੀ ਆਪਣਾ ਰੰਗਲਾ ਜੀਵਨ ਜਿਊਣ ਦਾ ਸੁਪਨਾ ਵੀ ਭੁੱਲਦੇ ਜਾ ਰਹੇ ਹਨ। ਇਸ ਉਤੇ ਕਿੰਤੂ-ਪਰੰਤੂ ਦੀ ਲੋੜ ਨਹੀਂ, ਅਪਵਾਦ ਹਰ ਥਾਂ ਉਤੇ ਹੁੰਦੇ ਹਨ।

ਨਾਵਲ 'ਜ਼ਰਖ਼ੇਜ਼' ਦਾ ਵਿਸ਼ਾ-ਵਸਤੂ ਹੀ ਇਸ ਦਾ ਕੇਂਦਰੀ ਪਾਤਰ ਹੈ। ਲੇਖਕ ਨੇ ਸਮਕਾਲੀ ਦੇ ਗੰਭੀਰ ਅਤੇ ਭਖਵੇਂ ਵਿਸ਼ੇ ਨੂੰ ਚੁਣਿਆ। ਉਸ ਦੇ ਚੰਗੇ-ਮੰਦੇ ਪੱਖ ਪਾਠਕਾਂ ਸਾਹਵੇਂ ਰੱਖੇ। ਭਾਵੇਂ ਕਈ ਥਾਵਾਂ ਉਤੇ ਪਾਤਰਾਂ ਵਲੋਂ ਬੋਲੇ ਜਾਂਦੇ ਸੰਵਾਦ ਕੁਝ ਲੰਮੇਰੇ ਵੀ ਹੁੰਦੇ ਗਏ। ਇਸ ਤਰ੍ਹਾਂ ਦੇ ਨਾਵਲ ਪੰਜਾਬੀ ਵਿੱਚ ਬਹੁਤ ਘੱਟ ਲਿਖੇ ਗਏ, ਜਿਨ੍ਹਾਂ ਵਿੱਚ ਮੁੱਦਾ ਹੀ ਪ੍ਰਧਾਨ ਹੋਵੇ। ਫਿਰ ਵੀ ਲੇਖਕ ਆਪਣੇ ਮੁੱਖ ਮੁੱਦੇ ਤੋਂ ਭਟਕਿਆ ਨਹੀਂ। ਉਸ ਦਾ ਡਾਕਟਰ ਪਾਤਰ ਹਰ ਫੇਰੀ ਨਾਲ ਹੋਰ ਵੀ ਚੌਕੰਨਾ ਤੇ ਚੁਸਤ ਹੁੰਦਾ ਗਿਆ। ਪ੍ਰਸਥਿਤੀਆਂ ਅਤੇ ਹਾਲਾਤ ਬੰਦੇ ਨੂੰ ਬਹੁਤ ਕੁਝ ਸਿਖਾ ਦਿੰਦੇ ਹਨ। ਅਖ਼ੀਰ ਆਖਰੀ ਵਾਰ ਸਿਟੀ ਵਾਲਿਆਂ ਤੋਂ ਜਾਨ ਬਚਾ ਕੇ ਭੱਜਦੇ ਹੋਇਆ ਆਪਣਾ ਪੈਰ ਤੁੜਾ ਬੈਠਾ। ਉਸ ਮਗਰੋਂ ਉਹ ਛੇਤੀ ਹੀ ਆਪਣੇ ਦੇਸ ਪਹੁੰਚਣ ਲਈ ਕਾਹਲਾ ਪੈ ਗਿਆ।

ਬੰਜਰ ਜ਼ਮੀਨਾਂ ਨੂੰ ਜ਼ਰਖ਼ੇਜ਼ ਬਣਾਉਣ ਦਾ ਹੌਸਲਾ ਸਦਾ ਹੀ ਮਿਹਨਤੀ ਲੋਕਾਂ ਦੇ ਹੱਥਾਂ ਵਿੱਚ ਰਿਹਾ ਹੈ। ਪੰਜਾਬੀਆਂ ਨੂੰ ਹੁਣ ਵੀ ਮਿਹਨਤ ਤੋਂ ਇਨਕਾਰ ਨਹੀਂ ਬਸ਼ਰਤੇ ਜੇ ਉਸ ਦਾ ਮੁੱਲ ਪੂਰਾ ਮਿਲੇ। ਕੈਨੇਡਾ ਦੀ ਜ਼ਰਖ਼ੇਜ਼ ਧਰਤੀ ਨੂੰ ਪੰਜਾਬੀਆਂ ਦੀ ਮਿਹਨਤ ਨਾਲ ਫ਼ਲ ਲੱਗ ਰਹੇ ਹਨ ਤੇ ਅੱਗੋਂ ਉਹ ਨਿਵ ਕੇ ਉਨ੍ਹਾਂ ਦੀ ਮਿਹਨਤ ਦਾ ਪੂਰਾ 'ਫ਼ਲ' ਉਨ੍ਹਾਂ ਨੂੰ ਦੇ ਰਹੀ ਹੈ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਪੜ੍ਹਾਈ-ਲਿਖਾਈ ਨਾਲ ਬਾਹਰਲੇ ਦੇਸ਼ਾਂ ਦੀਆਂ ਧਰਤੀਆਂ ਹੋਰ ਵੀ ਜ਼ਰਖ਼ੇਜ਼ ਹੁੰਦੀਆਂ ਜਾਣਗੀਆਂ, ਫ਼ਿਕਰ ਤਾਂ ਇੱਥੋਂ ਦੀ ਸਰਕਾਰ ਨੂੰ ਕਰਨਾ ਚਾਹੀਦਾ ਹੈ, ਉਹ ਇੱਥੋਂ ਦੀ ਜ਼ਰਖ਼ੇਜ਼ ਜਵਾਨੀ ਨੂੰ ਆਪਣੀਆਂ ਕੁਚਾਲਾਂ ਭਰੀਆਂ ਨੀਤੀਆਂ ਦੇ ਤਹਿਤ ਬਿਲਕੁਲ ਪਰ੍ਹੇ ਧੱਕਣ ਦੇ ਹੀ ਮਨਸੂਬੇ ਬੰਨੀ ਬੈਠੀ ਹੈ। ਇਸ ਸਾਰੀ ਸੋਚ ਵਿੱਚ ਬਸ ਦਿਲੋਂ ਇਕੋ ਹੀ ਹੂਕ ਨਿਕਲਦੀ ਹੈ, ਪਿੱਛੇ ਰਹਿ ਗਏ ਪੰਜਾਬ ਦਾ ਕੀ ਬਣੇਗਾ..., ਜੋ ਸਾਰਿਆਂ ਨੂੰ ਰਜਾਉਂਦਾ-ਰਜਾਉਂਦਾ ਅੱਜ ਆਪਣੇ ਜਾਇਆਂ ਨੂੰ ਹੀ ਰੋਟੀ ਤੇ ਨੌਕਰੀ ਦੇਣ ਤੋਂ ਹੀਣਾ ਹੋਇਆ ਬੈਠਾ ਹੈ।

*ਮੋਬਾ. 9868182835*

AABRU A Creative Journey of Human Values April-June 2021 RNI No. JKPUN/2002/6333

